# ਰਾਸ਼ਟਰੀ ਟੀਕਾਕਰਨ ਪ੍ਰੋਗਰਾਮ (NIP) ਬਾਰੇ

## ਰਾਸ਼ਟਰੀ ਟੀਕਾਕਰਨ ਪ੍ਰੋਗਰਾਮ (NIP) ਯੋਗ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਣ ਲਈ ਮੁਫ਼ਤ ਟੀਕੇ ਪ੍ਰਦਾਨ ਕਰਦਾ ਹੈ।

NIP ਦੀ ਸਥਾਪਨਾ 1997 ਵਿੱਚ ਆਸਟ੍ਰੇਲੀਆ ਸਰਕਾਰ ਦੁਆਰਾ ਰਾਜ ਅਤੇ ਪ੍ਰਦੇਸ਼ ਸਰਕਾਰਾਂ ਦੇ ਨਾਲ ਮਿਲ ਕੇ ਕੀਤੀ ਗਈ ਸੀ, ਤਾਂ ਜੋ ਰਾਸ਼ਟਰੀ ਟੀਕਾਕਰਨ ਦੀਆਂ ਦਰਾਂ ਨੂੰ ਵਧਾਇਆ ਜਾ ਸਕੇ, ਅਤੇ ਟੀਕੇ ਦੁਆਰਾ ਰੋਕੀਆਂ ਜਾ ਸਕਣ ਵਾਲੀਆਂ ਬਿਮਾਰੀਆਂ ਨੂੰ ਘਟਾਇਆ ਜਾ ਸਕੇ।

NIP ਯੋਗ ਲੋਕਾਂ ਜਿਵੇਂ ਕਿ ਨਵਜੰਮੇ ਬੱਚੇ ਅਤੇ ਨਿੱਕੇ ਬੱਚਿਆਂ, ਅੱਲ੍ਹੜਾਂ, ਗਰਭਵਤੀ ਔਰਤਾਂ, ਬਾਲਗ ਅਤੇ ਬਜ਼ੁਰਗਾਂ, ਆਦਿਵਾਸੀ ਲੋਕਾਂ, ਅਤੇ ਉਨ੍ਹਾਂ ਲੋਕਾਂ ਨੂੰ ਮੁਫ਼ਤ ਜ਼ਰੂਰੀ ਟੀਕੇ ਪ੍ਰਦਾਨ ਕਰਦਾ ਹੈ, ਜਿਨ੍ਹਾਂ ਨੂੰ ਡਾਕਟਰੀ ਸਮੱਸਿਆਵਾਂ ਹੋਣ ਦੇ ਕਾਰਨ ਗੰਭੀਰ ਬਿਮਾਰੀ ਹੋਣ ਦਾ ਵਧੇਰੇ ਜੋਖਮ ਹੁੰਦਾ ਹੈ।

ਇਹ ਪਤਾ ਲਗਾਉਣ ਲਈ ਕਿ ਤੁਸੀਂ ਜਾਂ ਤੁਹਾਡਾ ਪਰਿਵਾਰ ਕਦੋਂ ਅਤੇ ਕਿਹੜੇ ਟੀਕੇ ਮੁਫ਼ਤ ਵਿੱਚ ਪ੍ਰਾਪਤ ਕਰਨ ਦੇ ਯੋਗ ਹੈ, ਤੁਸੀਂ www.health.gov.au/nipschedule 'ਤੇ NIP ਅਨੁਸੂਚੀ ਦੀ ਜਾਂਚ ਕਰ ਸਕਦੇ ਹੋ, ਜਾਂ ਆਪਣੇ ਸਿਹਤ ਪੇਸ਼ੇਵਰ ਨਾਲ ਗੱਲ ਕਰ ਸਕਦੇ ਹੋ।




## NIP ਅਨੁਸੂਚੀ

NIP ਅਨੁਸੂਚੀ ਜਨਮ ਤੋਂ ਲੈ ਕੇ ਬਾਲਗ ਹੋਣ ਤੱਕ, ਤੁਹਾਡੇ ਜੀਵਨ ਭਰ ਵਿੱਚ ਇੱਕ ਖਾਸ ਸਮੇਂ 'ਤੇ ਲਗਾਏ ਜਾਣ ਵਾਲੇ ਟੀਕਾਕਰਨਾਂ ਦੀ ਇੱਕ ਲੜੀ ਹੈ। ਅਨੁਸੂਚੀ ਦੇ ਅਨੁਸਾਰ ਸਮੇਂ ਸਿਰ ਟੀਕਾਕਰਨ ਕਰਵਾਉਣਾ ਸਭ ਤੋਂ ਵਧੀਆ ਸੁਰੱਖਿਆ ਪ੍ਰਦਾਨ ਕਰਦਾ ਹੈ।

ਮੁਫ਼ਤ NIP ਟੀਕੇ ਲਈ ਯੋਗ ਹੋਣ ਲਈ, ਤੁਹਾਡੇ ਕੋਲ ਮੈਡੀਕੇਅਰ ਕਾਰਡ ਹੋਣਾ ਚਾਹੀਦਾ ਹੈ, ਜਾਂ ਤੁਸੀਂ ਇਸ ਲਈ ਯੋਗ ਹੋਣੇ ਚਾਹੀਦੇ ਹੋ।

ਇਹ ਪ੍ਰੋਗਰਾਮ ਇਹਨਾਂ ਲੋਕਾਂ ਲਈ ਕੈਚ-ਅੱਪ ਟੀਕਾਕਰਨ ਵੀ ਪ੍ਰਦਾਨ ਕਰਦਾ ਹੈ ਜੇਕਰ ਉਹ ਟੀਕੇ ਬਚਪਨ ਵਿੱਚ ਕਿਸੇ ਕਾਰਨਾਂ ਕਰਕੇ ਨਹੀਂ ਲੱਗੇ ਸਨ:

- 20 ਸਾਲ ਤੱਕ ਦੀ ਉਮਰ ਦੇ ਲੋਕ
- 26 ਸਾਲ ਤੋਂ ਘੱਟ ਉਮਰ ਦੇ ਲੋਕ ਜਿਨ੍ਹਾਂ ਦਾ ਹਿਊਮਨ ਪੈਪੀਲੋਮਾਵਾਇਰਸ (HPV) ਟੀਕਾਕਰਨ ਨਹੀਂ ਹੋਇਆ
- ਸ਼ਰਨਾਰਥੀ ਅਤੇ ਮਾਨਵਤਾਵਾਦੀ ਅਧਾਰ 'ਤੇ ਆਏ ਕਿਸੇ ਵੀ ਉਮਰ ਦੇ ਲੋਕ।

## ਮੁਫ਼ਤ NIP ਟੀਕੇ ਕਿੱਥੋਂ ਲਗਵਾਉਣੇ ਹਨ

ਤੁਸੀਂ NIP ਟੀਕੇ ਕਈ ਤਰ੍ਹਾਂ ਦੇ ਟੀਕਾਕਰਨ ਪ੍ਰਦਾਤਿਆਂ ਤੋਂ ਪ੍ਰਾਪਤ ਕਰ ਸਕਦੇ ਹੋ, ਜਿਵੇਂ ਕਿ:

- ਜਨਰਲ ਪ੍ਰੈਕਟਿਸਜ਼ (ਡਾਕਟਰਾਂ ਦੇ ਕਲੀਨਿਕ)
- ਸਥਾਨਕ ਕੌਂਸਲ ਟੀਕਾਕਰਨ ਕਲੀਨਿਕ (ਕੁਝ ਰਾਜਾਂ ਅਤੇ ਪ੍ਰਦੇਸ਼ਾਂ ਵਿੱਚ ਉਪਲਬਧ)
- ਭਾਈਚਾਰਕ ਸਿਹਤ ਕੇਂਦਰ
- ਆਦਿਵਾਸੀ ਡਾਕਟਰੀ ਸੇਵਾਵਾਂ
- ਫਾਰਮੇਸੀਆਂ
- ਸਕੂਲ (ਅੱਲ੍ਹੜਾਂ ਲਈ)

NIP ਅਨੁਸੂਚੀ ਵਿੱਚ ਸੂਚੀਬੱਧ ਸਾਰੇ ਟੀਕੇ ਮੁਫ਼ਤ ਹਨ, ਹਾਲਾਂਕਿ, ਤੁਹਾਡਾ ਸਿਹਤ ਪੇਸ਼ੇਵਰ ਸਲਾਹ ਦੇਣ ਦੀ ਫੀਸ ਜਾਂ ਸੇਵਾ ਚਾਰਜ ਲਗਾ ਸਕਦਾ ਹੈ। ਆਪਣੀ ਮੁਲਾਕਾਤ ਬੁੱਕ ਕਰਦੇ ਸਮੇਂ ਜਾਂਚ ਕਰੋ ਕਿ ਕੀ ਕੋਈ ਫੀਸ ਹੈ।

Australian Government
Department of Health, Disability and Ageing

National Immunisation Program
A joint Australian, State and Territory Government Initiative

# ਰਾਸ਼ਟਰੀ ਟੀਕਾਕਰਨ ਪ੍ਰੋਗਰਾਮ (NIP) ਬਾਰੇ

## ਯਕੀਨੀ ਬਣਾਉਣਾ ਕਿ ਟੀਕੇ ਸੁਰੱਖਿਅਤ ਹਨ

ਆਸਟ੍ਰੇਲੀਆ ਵਿੱਚ ਵਰਤੋਂ ਲਈ ਕਿਸੇ ਟੀਕੇ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ, ਇਹ ਵਿਆਪਕ ਕਲੀਨਿਕਲ ਪਰੀਖਣਾ ਅਤੇ ਥੈਰੇਪਿਊਟਿਕ ਗੁਡਜ਼ ਐਡਮਿਨਿਸਟ੍ਰੇਸ਼ਨ (TGA) ਦੁਆਰਾ ਇੱਕ ਸਖ਼ਤ ਮੁਲਾਂਕਣ ਵਿੱਚੋਂ ਲੰਘਦਾ ਹੈ।

ਸਿਰਫ਼ ਉਹੀ ਟੀਕਾਕਰਨ ਮਨਜ਼ੂਰ ਕੀਤੇ ਜਾਂਦੇ ਹਨ ਜੋ ਸੁਰੱਖਿਆ, ਗੁਣਵੱਤਾ ਅਤੇ ਪ੍ਰਭਾਵਸ਼ੀਲਤਾ ਦੇ ਸਖ਼ਤ ਮਿਆਰਾਂ ਤੇ ਪੂਰੇ ਉੱਤਰਦੇ ਹਨ।

ਇਹ ਟੀਕਿਆਂ ਨੂੰ NIP 'ਤੇ ਸੂਚੀਬੱਧ ਕਰਨ ਤੋਂ ਪਹਿਲਾਂ ਲੋੜੀਂਦੀ ਵਿਆਪਕ ਪ੍ਰਕਿਰਿਆ ਦਾ ਹਿੱਸਾ ਹੈ।

ਇੱਕ ਵਾਰ ਜਦੋਂ ਕੋਈ ਟੀਕਾਕਰਨ ਉਪਲਬਧ ਹੋ ਜਾਂਦਾ ਹੈ, ਤਾਂ ਇਸਦੀ ਸੁਰੱਖਿਆ 'ਤੇ ਨੇੜਿਓਂ ਨਜ਼ਰ ਰੱਖੀ ਜਾਂਦੀ ਹੈ, ਅਤੇ ਕਿਸੇ ਵੀ ਚਿੰਤਾ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ, ਅਤੇ ਤੁਰੰਤ ਜਾਂਚ ਕੀਤੀ ਜਾਂਦੀ ਹੈ।

## ਟੀਕਾਕਰਨ ਪ੍ਰਬੰਧਨ

ਆਸਟ੍ਰੇਲੀਆ ਸਰਕਾਰ NIP ਅਤੇ ਇਸ ਪ੍ਰੋਗਰਾਮ ਵਿੱਚ ਲਗਾਏ ਜਾਣ ਵਾਲੇ ਟੀਕਿਆਂ ਦੀ ਖਰੀਦ ਲਈ ਜ਼ਿੰਮੇਵਾਰ ਹੈ। ਰਾਜ ਅਤੇ ਪ੍ਰਦੇਸ਼ ਸਰਕਾਰਾਂ ਟੀਕਾਕਰਨ ਸੇਵਾ ਪ੍ਰਦਾਨ ਕਰਨ ਅਤੇ ਟੀਕਿਆਂ ਦੀ ਵੰਡ ਦੇ ਤਾਲਮੇਲ ਅਤੇ ਨਿਗਰਾਨੀ ਲਈ ਜ਼ਿੰਮੇਵਾਰ ਹਨ। ਕਈ ਤਰ੍ਹਾਂ ਦੀਆਂ ਕਮੇਟੀਆਂ ਅਤੇ ਸਲਾਹਕਾਰ ਸੰਸਥਾਵਾਂ NIP ਦੇ ਵਿਕਾਸ ਅਤੇ ਡਿਲੀਵਰੀ ਦੀ ਨਿਗਰਾਨੀ ਕਰਦੀਆਂ ਹਨ।

ਆਸਟ੍ਰੇਲੀਆ ਦੁਨੀਆ ਦੇ ਸਭ ਤੋਂ ਵਿਆਪਕ ਜਨਤਕ ਤੌਰ 'ਤੇ ਫੰਡ ਪ੍ਰਾਪਤ ਟੀਕਾਕਰਨ ਪ੍ਰੋਗਰਾਮਾਂ ਵਿੱਚੋਂ ਇੱਕ ਹੈ।

## ਟੀਕਾਕਰਨ ਦਾ ਪ੍ਰਭਾਵ

ਸਫਲ ਟੀਕਾਕਰਨ ਪ੍ਰੋਗਰਾਮਾਂ ਦੇ ਨਤੀਜੇ ਵਜੋਂ, ਆਸਟ੍ਰੇਲੀਆ ਵਿੱਚ ਬਹੁਤ ਸਾਰੀਆਂ ਬਿਮਾਰੀਆਂ ਜਾਂ ਤਾਂ ਖ਼ਤਮ ਹੋ ਗਈਆਂ ਹਨ ਜਾਂ ਬਹੁਤ ਘੱਟ ਹਨ, ਜਿਵੇਂ ਕਿ ਟੈਟਨਸ, *ਹੀਮੋਫਿਲਸ ਇਨਫਲੂਐਂਜ਼ਾ* ਟਾਈਪ ਬੀ (Hib) ਅਤੇ ਪੋਲੀਓਮਾਈਲਾਈਟਿਸ (ਪੋਲੀਓ)।[1]

ਟੀਕਾਕਰਨ ਦੀ ਜ਼ਿਆਦਾ ਦਰ ਸਮੂਹਿਕ ਪ੍ਰਤੀਰੋਧਕ ਸ਼ਕਤੀ ਵੀ ਪੈਦਾ ਕਰਦੀ ਹੈ, ਕਿਉਂਕਿ ਜਦੋਂ ਬਹੁਤ ਸਾਰੇ ਲੋਕਾਂ ਦਾ ਟੀਕਾਕਰਨ ਕੀਤਾ ਜਾਂਦਾ ਹੈ ਤਾਂ ਬਿਮਾਰੀਆਂ ਫੈਲਣ ਦੇ ਮੌਕੇ ਘੱਟ ਹੁੰਦੇ ਹਨ। ਸਮੂਹਿਕ ਪ੍ਰਤੀਰੋਧਕ ਸ਼ਕਤੀ ਉਦੋਂ ਹਾਸਲ ਹੁੰਦੀ ਹੈ ਜਦੋਂ ਟੀਕਾਕਰਨ ਦਰ ਲਗਭਗ 95% ਹੁੰਦੀ ਹੈ।



ਬਚਪਨ ਦੇ ਟੀਕਾਕਰਨ ਬਾਰੇ **ਹੋਰ ਜਾਣਕਾਰੀ ਅਤੇ ਸਰੋਤਾਂ ਲਈ**, ਜਿਸ ਵਿੱਚ ਵੀਡੀਓ, ਅਕਸਰ ਪੁੱਛੇ ਜਾਂਦੇ ਸਵਾਲ ਅਤੇ ਤੱਥ ਪੱਤਰ ਸ਼ਾਮਲ ਹਨ, health.gov.au/childhoodimmunisation 'ਤੇ ਜਾਓ।

[1] https://immunisationhandbook.health.gov.au/contents/about-the-handbook
ਇਸ ਤੱਥ ਸ਼ੀਟ ਵਿੱਚਲੀ ਸਾਰੀ ਜਾਣਕਾਰੀ ਜੂਨ 2026 ਤੱਕ ਸਹੀ ਹੈ।

Australian Government
Department of Health, Disability and Ageing

National Immunisation Program
A joint Australian, State and Territory Government Initiative